# ਦਿ ਡਰਾਈਵ

ਫਰਵਰੀ 2018 ਅੰਕ 2



## ਇਸ ਐਡੀਸ਼ਨ ਵਿਚ

**ਤੁਹਾਡਾ ਇਕ ਵਾਰੀ ਫਿਰ ਸੁਆਗਤ ਹੈ ਅਤੇ ਓ ਬੀ ਸੀ ਸੀ ਟੀ ਸੀ ਦੇ ਨਿਊਜ਼ਲੈਟਰ "*ਦਿ ਡਰਾਈਵ*" ਦਾ ਇਹ ਐਡੀਸ਼ਨ ਪੜ੍ਹਨ ਲਈ ਤੁਹਾਡਾ ਧੰਨਵਾਦ।**

ਦੋ ਸਾਲ ਪਹਿਲਾਂ ਸ਼ੁਰੂ ਹੋਏ *ਦਿ ਡਰਾਈਵ* ਦਾ ਮੰਤਵ ਹਿੱਤ ਰੱਖਣ ਵਾਲੀਆਂ ਧਿਰਾਂ ਨਾਲ ਗੱਲਬਾਤ ਵਿਚ ਵਾਧਾ ਕਰਨਾ ਸੀ। ਮੇਰਾ ਯਕੀਨ ਹੈ ਕਿ ਇਹ ਓ ਬੀ ਸੀ ਸੀ ਟੀ ਸੀ ਦਾ ਇਕ ਮਹੱਵਵਪੂਰਨ ਟੀਚਾ ਹੈ ਅਤੇ ਇਸ ਕਰਕੇ *ਦਿ ਡਰਾਈਵ* ਇਕ ਨਵੇਂ ਰੂਪ ਵਿਚ ਵਾਪਸ ਆ ਰਿਹਾ ਹੈ, ਜਿਸ ਦਾ ਮਕਸਦ ਲੋਅਰ ਮੇਨਲੈਂਡ ਦੀ ਟਰੱਕਿੰਗ ਕਮਿਊਨਟੀ ਨੂੰ ਓ ਬੀ ਸੀ ਸੀ ਟੀ ਸੀ ਦੀਆਂ ਜਾਰੀ ਰਹਿਣ ਵਾਲੀਆਂ ਸਰਗਰਮੀਆਂ ਬਾਰੇ ਅਤੇ ਇਸ ਦੇ ਨਾਲ ਨਾਲ ਕਾਨੂੰਨੀ ਢਾਂਚੇ ਬਾਰੇ ਜਾਣਕਾਰੀ ਦੇਣਾ ਹੈ ਜਿਹੜਾ ਇਸ ਇੰਡਸਟਰੀ ਨੂੰ ਚਲਾਉਂਦਾ ਹੈ।

*ਦਿ ਡਰਾਈਵ* ਦਾ ਇਹ ਅਤੇ ਭਵਿੱਖ ਦੇ ਐਡੀਸ਼ਨ ਪਾਲਸੀ ਅਤੇ ਨਿਯਮਾਂ ਬਾਰੇ ਸਵਾਲਾਂ ਦੇ ਜਵਾਬ ਦੇਣ 'ਤੇ ਕੇਂਦਰਿਤ ਹੋਣਗੇ ਤਾਂ ਜੋ ਇੰਡਸਟਰੀ ਦੇ ਸਾਰੇ ਹਿੱਸੇਦਾਰ ਜਾਣਕਾਰੀ ਲੈ ਕੇ ਫੈਸਲੇ ਕਰ ਸਕਣ।

ਓ ਬੀ ਸੀ ਸੀ ਟੀ ਸੀ ਸਾਰੇ ਹਿੱਤ ਰੱਖਣ ਵਾਲਿਆਂ ਦੀ ਸ਼ਮੂਲੀਅਤ ਦਾ ਸੁਆਗਤ ਕਰਦਾ ਹੈ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਪੁੱਛੋ। ਸਾਡੇ ਨਾਲ ਇੱਥੇ ਸੰਪਰਕ ਕੀਤਾ ਜਾ ਸਕਦਾ ਹੈ: registrar@obcctc.ca 'ਤੇ ਜਾਂ 604-660-6051 'ਤੇ ਫੋਨ ਰਾਹੀਂ।

ਸਾਨੂੰ ਤੁਹਾਡੇ ਤੋਂ ਸੁਣਨ ਦੀ ਉਡੀਕ ਰਹੇਗੀ।

ਸੱਚੇ ਦਿਲੋਂ,

*ਮਾਈਕਲ ਕਰਾਫੋਰਡ*

ਕਮਿਸ਼ਨਰ

## ਲਸੰਸੀਆਂ ਅਤੇ ਡਰਾਈਵਰਾਂ ਲਈ ਸ੍ਰੋਤ

- **ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ ("ਓ ਬੀ ਸੀ ਸੀ ਟੀ ਸੀ")**
  604-660-6051
  obcctc.ca
- **ਕੌਨਫੀਡੈਂਸ਼ਲ ਡਰੇਐਜ ਕਮਪਲੇਂਟ ਲਾਈਨ (ਗੁਪਤ ਲਾਈਨ)**
  1-877-713-5109
  drayage.confidenceline.net
- **ਪੀ ਐੱਮ ਵੀ ਟੀ ਐੱਲ ਐੱਸ ਐਡਮਿਨਸਟਰੇਟਰ**
  604-665-9333
- **ਬੀ ਸੀ ਟਰੱਕਿੰਗ ਐਸੋਸੀਏਸ਼ਨ**
  604-888-5319
- **ਪੇਅ ਰੇਟ ਸਮਰੀ**
  obcctc.ca/rate-summary
- **ਔਨ-ਡੌਕ ਰੇਟ ਸਕੈਜੂਅਲ**
  obcctc.ca/on-dock
- **ਔਫ-ਡੌਕ ਰੇਟ ਸਕੈਜੂਅਲ**
  obcctc.ca/off-dock
- **ਓ ਬੀ ਸੀ ਸੀ ਟੀ ਸੀ ਦੇ ਫੈਸਲੇ**
  obcctc.ca/decisions
- **ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
  obcctc.ca/policies
- **ਓ ਬੀ ਸੀ ਸੀ ਟੀ ਸੀ ਇੰਡਸਟਰੀ ਮੀਮੋਜ਼**
  obcctc.ca/industry-memos
- **ਕਨਟੇਨਰ ਟਰੱਕਿੰਗ ਐਕਟ**
  bclaws.ca/civix/document/id/consol 28/consol28/14028_01
- **ਕਨਟੇਨਰ ਟਰੱਕਿੰਗ ਰੈਗੂਲੇਸ਼ਨ**
  bclaws.ca/civix/document/id/complete/statreg/248_2014

# ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵਲੋਂ ਤਾਜ਼ਾ ਜਾਣਕਾਰੀ

**ਤੁਹਾਡੀ ਮਦਦ ਕਰਨ ਵਿਚ ਸਾਡੀ ਮਦਦ ਕਰੋ! ਜੇ ਤੁਹਾਡੇ ਮਨ ਵਿਚ ਆਪਣੀ ਤਨਖਾਹ ਬਾਰੇ ਅਤੇ ਕੰਮ ਦੇ ਘੰਟਿਆਂ ਦੀ ਗਿਣਤੀ ਜਾਂ ਲਾਏ ਗਏ ਟ੍ਰਿਪਾਂ ਬਾਰੇ ਕੋਈ ਫਿਕਰ ਹੋਵੇ ਤਾਂ ਇਸ ਦਾ ਰਿਕਾਰਡ ਰੱਖੋ। ਤੁਹਾਡੀ ਰਾਇ ਓ ਬੀ ਸੀ ਸੀ ਟੀ ਸੀ ਦੇ ਨਿਯਮਾਂ ਦੀ ਪਾਲਣਾ ਕਰਵਾਉਣ ਵਿਚ ਔਡੀਟਰਾਂ ਦੀ ਮਦਦ ਕਰੇਗੀ।**




## ਨਵੀਂ ਟਰੱਕ ਟੈਗ ਪਾਲਸੀ 1 ਜਨਵਰੀ, 2018 ਤੋਂ ਲਾਗੂ ਹੋ ਗਈ ਹੈ

**ਓ ਬੀ ਸੀ ਸੀ ਟੀ ਸੀ ਦੀ ਨਵੀਂ ਟਰੱਕ ਟੈਗ ਪਾਲਸੀ 1 ਜਨਵਰੀ, 2018 ਤੋਂ ਲਾਗੂ ਹੋ ਗਈ ਹੈ। ਨਵੀਂ ਪਾਲਸੀ ਵਿਚ ਟੈਗ ਸਿਸਟਮ ਵਿਚਲੀਆਂ ਅੱਗੇ ਲਿਖੀਆਂ ਤਬਦੀਲੀਆਂ ਸ਼ਾਮਲ ਹਨ:**

- ਆਜ਼ਾਦ ਓਪਰੇਟਰ ("ਆਈ/ਓਜ਼") ਸਪੌਂਸਰਸ਼ਿਪ/ਜੌਂਇੰਡਰ ਐਗਰੀਮੈਂਟਾਂ ਵਿਚਕਾਰ ਮੂਵ ਹੋਣ ਲਈ ਆਜ਼ਾਦ ਹਨ;
- **ਟੈਗ ਲਸੰਸੀਆਂ ਨੂੰ ਜਾਰੀ ਕੀਤੇ ਜਾਂਦੇ ਹਨ ਅਤੇ ਇਹ ਹੁਣ ਆਈ/ਓਜ਼ ਨਾਲ ਲਸੰਸੀਆਂ ਵਿਚਕਾਰ ਮੂਵ ਨਹੀਂ ਹੋ ਸਕਦੇ;**
- ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ ("ਵੀ ਐੱਫ ਪੀ ਏ") ਸਪੌਂਸਰਸ਼ਿਪ/ਜੌਂਇੰਡਰ ਐਗਰੀਮੈਂਟਾਂ ਵਿਚਕਾਰ ਮੂਵ ਹੋਣ ਵਾਲੇ ਆਈ/ਓਜ਼ ਦੇ ਟਰੱਕਾਂ ਨੂੰ ਟਰੱਕ ਲਾਇਸੰਸਿੰਗ ਸਿਸਟਮ ("ਟੀ ਐੱਲ ਐੱਸ") ਵਿਚ ਕੁਝ ਸਮੇਂ ਲਈ ਰਹਿਣ ਦੀ ਆਗਿਆ ਦੇਵੇਗੀ ਤਾਂ ਜੋ ਉਹ ਆਈ/ਓ ਮੂਵਮੈਂਟ ਕਰਨ ਸਕਣ; ਅਤੇ
- ਇੰਡੀਪੈਨਡੈਂਟ ਓਪਰੇਟਰ ਲਿਸਟ ("ਆਈ/ਓ ਲਿਸਟ") ਦੇ ਬਣਨ ਨਾਲ ਆਈ/ਓਜ਼ ਲਈ ਸਪੌਂਸਰਸ਼ਿਪ ਦੇ ਮੌਕੇ ਵਧ ਗਏ ਹਨ ਜਿਸ ਵਿੱਚੋਂ ਲਸੰਸੀਆਂ ਲਈ ਲੈਣਾ ਜ਼ਰੂਰੀ ਹੈ।
- ਜਿਹੜੇ ਆਈ/ਓਜ਼ 1 ਜਨਵਰੀ, 2018 ਨੂੰ ਸਪੌਂਸਰਡ ਸਨ ਉਨ੍ਹਾਂ ਨੂੰ ਆਈ/ਓ ਲਿਸਟ ਵਿਚ ਪਾਇਆ ਗਿਆ ਹੈ
- ਲਸੰਸੀ ਸਿਰਫ ਉਨ੍ਹਾਂ ਆਈ/ਓਜ਼ ਨੂੰ ਹੀ ਰੱਖ ਸਕਦੇ ਹਨ ਜਿਹੜੇ ਇਸ ਲਿਸਟ 'ਤੇ ਹਨ
- ਨਵੇਂ, ਅਨਸਪੌਂਸਰਡ ਆਈ/ਓਜ਼ ਲਈ, ਆਈ/ਓ ਲਿਸਟ 'ਤੇ ਪੈਣ ਲਈ ਕਮਿਸ਼ਨਰ ਕੋਲ ਅਪਲਾਈ ਕਰਨਾ ਜ਼ਰੂਰੀ ਹੈ ਪਰ ਇਹ ਸਿਰਫ ਉਦੋਂ ਹੀ ਕੀਤਾ ਜਾ ਸਕਦਾ ਹੈ ਜਦੋਂ ਕਮਿਸ਼ਨਰ ਬੁਲੇਟਿਨ ਜਾਰੀ ਕਰਕੇ ਇਹ ਸੱਦਾ ਦੇਵੇ ਕਿ ਆਈ/ਓ ਦੀ ਲਿਸਟ 'ਤੇ ਨਵੇਂ ਆਈ/ਓ ਪਾਏ ਜਾਣੇ ਹਨ
- ਜਿਹੜੇ ਆਈ/ਓ 90 ਦਿਨਾਂ ਨਾਲੋਂ ਜ਼ਿਆਦਾ ਸਮੇਂ ਲਈ ਆਈ/ਓ ਦੀ ਲਿਸਟ 'ਤੇ ਅਨਸਪੌਂਸਰਡ ਰਹਿੰਦੇ ਹਨ ਉਨ੍ਹਾਂ ਨੂੰ ਆਈ/ਓ ਲਿਸਟ ਤੋਂ ਹਟਾ ਦਿੱਤਾ ਜਾਵੇਗਾ
- ਆਈ/ਓ ਲਿਸਟ ਉਪਰਲੀ ਕਿਸੇ ਆਈ/ਓ ਪੋਜ਼ੀਸ਼ਨ ਨੂੰ ਕਿਸੇ ਹੋਰ ਆਈ/ਓ ਨੂੰ ਤਬਦੀਲ ਨਹੀਂ ਕੀਤਾ ਜਾ ਸਕਦਾ ਜਾਂ ਵੇਚਿਆ ਨਹੀਂ ਜਾ ਸਕਦਾ।

**ਪੂਰੀ ਪਾਲਸੀ ਓ ਬੀ ਸੀ ਸੀ ਟੀ ਸੀ ਦੇ ਵੈੱਬਸਾਈਟ (www.obcctc.ca) 'ਤੇ ਹੈ। ਪਾਲਸੀ ਬਾਰੇ ਜੇ ਕਿਸੇ ਵਿਅਕਤੀ ਦੇ ਮਨ ਵਿਚ ਕੋਈ ਸਵਾਲ ਹੋਵੇ ਤਾਂ ਉਸ ਨੂੰ ਕਮਿਸ਼ਨਰ ਦੇ ਦਫਤਰ ਨਾਲ 604-660-6051 'ਤੇ ਸੰਪਰਕ ਕਰਨਾ ਚਾਹੀਦਾ ਹੈ।**

### *ਕੀ ਤੁਹਾਨੂੰ ਪਤਾ ਹੈ?*

**ਕਨਟੇਨਰ ਟਰੱਕਿੰਗ ਸਰਵਿਸਿਜ਼ ਲਾਇਸੰਸ ਵਿਚ ਕੁਝ ਚੀਜ਼ਾਂ ਕਰਨ ਦੀ ਮਨਾਹੀ ਹੈ। ਉਦਾਹਰਣ ਲਈ, ਕੋਈ ਲਸੰਸੀ ਕਿਸੇ ਟਰੱਕਰ ਤੋਂ ਇਹ ਮੰਗ ਨਹੀਂ ਕਰ ਸਕਦਾ ਕਿ ਉਹ ਆਪਣੇ ਕੰਮ ਦੇ ਘੰਟਿਆਂ, ਸਫਰ ਦੇ ਫਾਸਲੇ ਜਾਂ ਟਰੱਕਰ ਨੂੰ ਦਿੱਤੇ ਪੈਸਿਆਂ ਨੂੰ ਗਲਤ ਪੇਸ਼ ਕਰੇ। ਓ ਬੀ ਸੀ ਸੀ ਟੀ ਸੀ ਇਸ ਚੀਜ਼ ਬਾਰੇ ਮਿਲੀਆਂ ਜਾਇਜ਼ ਸ਼ਿਕਾਇਤਾਂ ਦੀ ਪੜਤਾਲ ਕਰੇਗਾ। ਜੇ ਤੁਹਾਡੇ ਕੋਈ ਸਰੋਕਾਰ ਹੋਣ ਤਾਂ ਸਾਨੂੰ ਦੱਸੋ।**



ਫੋਟੋ ਵੈਨਕੂਵਰ ਫਰੇਜ਼ਰ ਅਥਾਰਟੀ ਦੇ ਧੰਨਵਾਦ ਸਹਿਤ

# ਆਮ ਪੁੱਛੇ ਜਾਂਦੇ ਸਵਾਲ

**ਸਵਾਲ: ਆਈ/ਓਜ਼ ਸਪੌਂਸਰਸ਼ਿਪ ਨੂੰ ਕਿਵੇਂ ਮੂਵ ਕਰ ਸਕਦੇ ਹਨ?**

ਜਵਾਬ: ਆਈ/ਓਜ਼ ਕਿਸੇ ਵੀ ਸਮੇਂ ਨਵੀਂ ਸਪੌਂਸਰਸ਼ਿਪ ਲੱਭਣ ਲਈ ਆਜ਼ਾਦ ਹਨ। ਸਪੌਂਸਰਸ਼ਿਪ ਦੇ ਪਹਿਲੇ ਐਗਰੀਮੈਂਟ ਦਾ ਸੈਕਸ਼ਨ 8 ਹਟਾ ਦਿੱਤਾ ਗਿਆ ਹੈ। ਸਪੌਂਸਰਸ਼ਿਪ ਮੂਵ ਕਰ ਰਹੇ ਆਈ/ਓ ਲਈ ਅਜਿਹੀ ਲਾਇਸੰਸਸ਼ੁਦਾ ਕੰਪਨੀ ਲੱਭਣਾ ਜ਼ਰੂਰੀ ਹੈ ਜਿਸ ਕੋਲ ਟਰੱਕ ਟੈਗ ਉਪਲਬਧ ਹੋਵੇ। ਓ ਬੀ ਸੀ ਸੀ ਟੀ ਸੀ ਤੋਂ ਹੋਰ ਟਰੱਕ ਟੈਗ ਮੰਗਣ ਦੀ ਜ਼ਿੰਮੇਵਾਰੀ ਲਸੰਸ ਹੋਲਡਰਾਂ ਦੀ ਹੈ। ਸਪੌਂਸਰ ਕਰਨ ਵਾਲੀ ਕੰਪਨੀ ਵਲੋਂ ਮਨਜ਼ੂਰੀ ਲਈ ਸਪੌਂਸਰਸ਼ਿਪ ਦੀਆਂ ਨਵੀਂਆਂ ਐਪਲੀਕੇਸ਼ਨਾਂ ਓ ਬੀ ਸੀ ਸੀ ਟੀ ਸੀ ਕੋਲ ਦਰਜ ਕਰਵਾਉਣਾ ਜ਼ਰੂਰੀ ਹੈ।

**ਸਵਾਲ: ਜੇ ਮੈਂ ਆਪਣੀ ਕੰਪਨੀ ਛੱਡਦਾ ਹਾਂ ਅਤੇ ਕਿਸੇ ਹੋਰ ਕੰਪਨੀ ਵਿਚ ਜਾਂਦਾ ਹਾਂ ਤਾਂ ਕੀ ਮੈਨੂੰ ਮੂਵ ਹੋਣ ਲਈ ਨਵਾਂ ਟਰੱਕ ਲੈਣ ਦੀ ਲੋੜ ਪਵੇਗੀ?**

ਜਵਾਬ: ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ ਸਪੌਂਸਰਸ਼ਿਪ/ਜੌਇੰਡਰ ਐਗਰੀਮੈਂਟਾਂ ਵਿਚਕਾਰ ਮੂਵ ਹੋਣ ਵਾਲੇ ਆਈ/ਓਜ਼ ਦੇ ਟਰੱਕਾਂ ਨੂੰ ਟੀ ਐੱਲ ਐੱਸ ਵਿਚ ਕੁਝ ਸਮੇਂ ਲਈ ਰਹਿਣ ਦੀ ਆਗਿਆ ਦੇਵੇਗੀ ਤਾਂ ਜੋ ਉਹ ਆਈ/ਓ ਮੂਵਮੈਂਟ ਕਰਨ ਸਕਣ।

**ਸਵਾਲ: ਟਰੱਕ ਟੈਗ ਕੌਣ ਰੱਖਦਾ ਹੈ?**

ਜਵਾਬ: ਓ ਬੀ ਸੀ ਸੀ ਟੀ ਸੀ  ਸੀ ਟੀ ਐੱਸ ਲਾਇਸੰਸ ਟੈਗ ਮੈਨੇਜਮੈਂਟ ਪਾਲਸੀ – ਪੈਰਾ 17:

*ਟਰੱਕ ਟੈਗਜ਼ ਲਾਇਸੰਸਾਂ ਵਿਚਕਾਰ ਮੂਵ ਨਹੀਂ ਹੁੰਦੇ।*

**ਸਵਾਲ: ਮੈਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਕੀ ਮੈਂ ਆਈ/ਓ ਲਿਸਟ ’ਤੇ ਹਾਂ? ਮੈਂ ਆਈ/ਓ ਲਿਸਟ ਕਿੱਥੇ ਦੇਖ ਸਕਦਾ ਹਾਂ?**

ਜਵਾਬ: ਓ ਬੀ ਸੀ ਸੀ ਟੀ ਸੀ  ਸੀ ਟੀ ਐੱਸ ਲਾਇਸੰਸ ਟੈਗ ਮੈਨੇਜਮੈਂਟ ਪਾਲਸੀ – ਪੈਰਾ 16:

*1 ਜਨਵਰੀ, 2018 ਤੋਂ ਸਾਰੇ ਸਪੌਂਸਰਡ ਅਤੇ ਸ਼ਾਮਲ ਆਈ/ਓਜ਼ ਨੂੰ ਆਈ/ਓ ਲਿਸਟ ’ਤੇ ਪਾਇਆ ਗਿਆ ਹੈ।*

ਆਈ/ਓ ਲਿਸਟ ਪਬਲਿਕ ਲਈ ਉਪਲਬਧ ਨਹੀਂ ਹੈ। ਜੇ ਕਿਸੇ ਆਈ/ਓ ਕੋਲ ਆਈ/ਓ ਲਿਸਟ ’ਤੇ ਆਪਣੇ ਦਰਜੇ ਬਾਰੇ ਕੋਈ ਸਵਾਲ ਹੋਵੇ ਤਾਂ ਉਨ੍ਹਾਂ ਨੂੰ ਓ ਬੀ ਸੀ ਸੀ ਟੀ ਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

**ਸਵਾਲ: ਕੀ ਕਿਸੇ ਆਈ/ਓ ਨੂੰ ਆਈ/ਓ ਲਿਸਟ ਤੋਂ ਹਟਾਇਆ ਜਾ ਸਕਦਾ ਹੈ?**

ਜਵਾਬ: ਓ ਬੀ ਸੀ ਸੀ ਟੀ ਸੀ  ਸੀ ਟੀ ਐੱਸ ਲਾਇਸੰਸ ਟੈਗ ਮੈਨੇਜਮੈਂਟ ਪਾਲਸੀ – ਪੈਰਾ 22:

*ਆਈ/ਓ, ਸਪੌਂਸਰਸ਼ਿਪ/ਜੌਇੰਡਰ ਦੇ ਖਾਤਮੇ ਦੀ ਤਾਰੀਕ ਤੋਂ ਲੈ ਕੇ ਵੱਧ ਤੋਂ ਵੱਧ 90 ਦਿਨਾਂ ਲਈ ਆਈ/ਓ ਲਿਸਟ ’ਤੇ ਯੋਗ ਆਈ/ਓ ਦੇ ਤੌਰ ’ਤੇ ਰਹਿੰਦੇ ਹਨ। ਜੇ ਕੋਈ ਹੱਕਦਾਰ ਆਈ/ਓ 90 ਦਿਨਾਂ ਦੇ ਵਿਚ ਵਿਚ ਐਕਟਿਵ ਆਈ/ਓ ਨਹੀਂ ਬਣਦਾ ਤਾਂ ਹੱਕਦਾਰ ਆਈ/ਓ ਨੂੰ ਆਈ/ਓ ਲਿਸਟ ਤੋਂ ਹਟਾ ਦਿੱਤਾ ਜਾਵੇਗਾ।*

**ਸਵਾਲ: ਮੈਂ ਆਈ/ਓ ਲਿਸਟ ’ਤੇ ਕਿਵੇਂ ਆ ਸਕਦਾ ਹਾਂ?**

ਜਵਾਬ: ਓ ਬੀ ਸੀ ਸੀ ਟੀ ਸੀ  ਸੀ ਟੀ ਐੱਸ ਲਾਇਸੰਸ ਟੈਗ ਮੈਨੇਜਮੈਂਟ ਪਾਲਸੀ – ਪੈਰਾ 23:

*ਕਮਿਸ਼ਨਰ ਆਈ/ਓ ਲਿਸਟ ’ਤੇ ਨਿਗਰਾਨੀ ਰੱਖੇਗਾ, ਅਤੇ ਜੇ ਉਸ ਨੂੰ ਇਹ ਯਕੀਨ ਹੋਵੇ ਕਿ ਆਈ/ਓ ਲਿਸਟ ’ਤੇ ਨਵੇਂ ਯੋਗ ਆਈ/ਓ ਪਾਉਣ ਦੀ ਲੋੜ ਹੈ ਤਾਂ ਉਹ ਅਰਜ਼ੀਆਂ ਦੀ ਮੰਗ ਲਿਖਤੀ ਰੂਪ ਵਿਚ ਕਰੇਗਾ।*

ਜੇ ਕਮਿਸ਼ਨਰ ਆਈ/ਓ ਲਿਸਟ ’ਤੇ ਨਾਂ ਪਾਉਣ ਲਈ ਅਰਜ਼ੀਆਂ ਮੰਗਦਾ ਹੈ ਤਾਂ ਅਰਜ਼ੀ ਕਰਨ ਵਾਲਿਆਂ ਲਈ ਓ ਬੀ ਸੀ ਸੀ ਟੀ ਸੀ ਨਾਲ ਸੰਪਰਕ ਕਰਨਾ ਅਤੇ ਇਹ ਬੇਨਤੀ ਕਰਨਾ ਜ਼ਰੂਰੀ ਹੈ ਕਿ ਉਨ੍ਹਾਂ ਦਾ ਨਾਂ ਆਈ/ਓ ਲਿਸਟ ਵਿਚ ਵਾਧੇ ਲਈ ਪਾਇਆ ਜਾਵੇ।

**ਸਵਾਲ: ਲਸੰਸੀਆਂ ਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਕੀ ਕੋਈ ਆਈ/ਓ, ਆਈ/ਓ ਦੀ ਲਿਸਟ ’ਤੇ ਹੈ ਜਾਂ ਨਹੀਂ?**

ਜਵਾਬ: ਆਈ/ਓ ਲਿਸਟ ਪਬਲਿਕ ਲਈ ਉਪਲਬਧ ਨਹੀਂ ਹੈ। ਜੇ ਕਿਸੇ ਲਸੰਸ ਹੋਲਡਰ ਕੋਲ ਆਈ/ਓ ਲਿਸਟ ’ਤੇ ਕਿਸੇ ਆਈ/ਓ ਦੇ ਦਰਜੇ ਬਾਰੇ ਕੋਈ ਸਵਾਲ ਹੋਵੇ ਤਾਂ ਉਨ੍ਹਾਂ ਨੂੰ ਓ ਬੀ ਸੀ ਸੀ ਟੀ ਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

**ਸਵਾਲ: ਕੀ ਲਸੰਸੀ ਸੀ ਟੀ ਐੱਸ ਲਾਇਸੰਸ ਟੈਗ ਮੈਨੇਜਮੈਂਟ ਪਾਲਸੀ ਅਧੀਨ ਟੈਗ ਗੁਆ ਬਹਿਣਗੇ?**

ਜਵਾਬ; ਸੰਭਵ ਤੌਰ ’ਤੇ। ਓ ਬੀ ਸੀ ਸੀ ਟੀ ਸੀ  ਸੀ ਟੀ ਐੱਸ ਲਾਇਸੰਸ ਟੈਗ ਮੈਨੇਜਮੈਂਟ ਪਾਲਸੀ – ਪੈਰਾ 11-13 ਦੇਖੋ:

**ਸਵਾਲ: ਜੇ ਕੋਈ ਲਸੰਸੀ ਸੀ ਟੀ ਐੱਸ ਲਾਇਸੰਸ ਟੈਗ ਮੈਨੇਜਮੈਂਟ ਪਾਲਸੀ ਅਧੀਨ ਟੈਗ ਗੁਆ ਬਹਿੰਦਾ ਹੈ ਤਾਂ ਕੀ ਵਾਪਸ ਲਏ ਗਏ ਟੈਗ ਆਈ/ਓ ਟੈਗ ਹੋਣਗੇ ਜਾਂ ਕੰਪਨੀ ਦੇ ਟਰੱਕ ਦੇ ਟੈਗ ਹੋਣਗੇ?**

ਜਵਾਬ: ਵਾਪਸ ਲਏ ਜਾਣ ਵਾਲੇ ਟੈਗ ਉਹ ਟੈਗ ਹੋਣਗੇ ਜਿਹੜੇ ਉਨ੍ਹਾਂ ਟਰੱਕਾਂ ਨੂੰ ਅਸਾਇਨ ਕੀਤੇ ਹੋਏ ਹਨ ਜਿਹੜੇ ਟਰੱਕ ਪ੍ਰਫੌਰਮੈਂਸ ਨੂੰ ਕਾਇਮ ਨਹੀਂ ਰੱਖ ਰਹੇ ਅਤੇ/ਜਾਂ ਪ੍ਰਫੌਰਮੈਂਸ ਅਤੇ ਕਨਟੇਨਰ ਮੂਵ ਕਰਨ ਦੀ ਮਾਤਰਾ ਵਿਚ ਲੰਬੇ ਸਮੇਂ ਤੋਂ ਕਮੀ ਦਾ ਸਬੂਤ ਦੇ ਰਹੇ ਹਨ।

OFFICE OF THE
BRITISH COLUMBIA CONTAINER
TRUCKING COMMISSIONER

1085 Cambie Street
Vancouver, BC
V6B 5L7
ਫੋਨ: (604) 660-6051 ਫੈਕਸ: (604) 660-6045
ਵੈੱਬ: obcctc.ca ਈਮੇਲ: info@obcctc.ca

ਕਿਰਪਾ ਕਰਕੇ ਹੋਰ ਜਾਣਕਾਰੀ ਲਈ ਸਾਡੇ ਨਾਲ ਸੰਪਰਕ ਕਰੋ। ਸਟਾਫ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 9 ਵਜੇ ਤੋਂ ਲੈ ਕੇ ਬਾਅਦ ਦੁਪਹਿਰ 5 ਵਜੇ ਤੱਕ ਮੌਜੂਦ ਹੁੰਦਾ ਹੈ ਅਤੇ ਦਫਤਰ ਵੀਕਇੰਡਜ਼ ਅਤੇ ਸਾਰੀਆਂ ਸਰਕਾਰੀ ਛੁੱਟੀਆਂ ਵੇਲੇ ਬੰਦ ਹੁੰਦਾ ਹੈ।